# ਪੰਜਾਬ ਵਿਧਾਨ ਸਭਾ

-----------

## 16ਵੀਂ ਪੰਜਾਬ ਵਿਧਾਨ ਸਭਾ

## ਤੇਰ੍ਹਵਾਂ ਸਮਾਗਮ

-----------

## ਕਾਰਜ ਸੂਚੀ

22 ਅਕਤੂਬਰ 2026

11:00 ਵਜੇ ਪੂਰਵ ਦੁਪਹਿਰ

-----------

1. <u>ਅਕਾਲ ਚਲਾਣਿਆਂ ਦਾ ਵਰਣਨ</u>

(1) ਨਿਮਨਲਿਖਤ ਅਕਾਲ ਚਲਾਣਿਆਂ ਦਾ ਵਰਣਨ ਕੀਤਾ ਜਾਵੇਗਾ-

1. ਸ੍ਰੀ ਚੁੰਨੀ ਲਾਲ ਭਗਤ, ਸਾਬਕਾ ਮੰਤਰੀ, ਪੰਜਾਬ;

2. ਸਰਦਾਰ ਵਰਿੰਦਰ ਸਿੰਘ ਬਾਜਵਾ, ਸਾਬਕਾ ਐਮ.ਪੀ, ਪੰਜਾਬ;

3. ਸਰਦਾਰ ਰਣਜੀਤ ਸਿੰਘ, ਸਾਬਕਾ ਐਮ.ਐਲ.ਏ; ਅਤੇ

4. ਡਾਕਟਰ ਰਤਨ ਲਾਲ ਮਿੱਤਲ, ਉੱਘੇ ਡਾਕਟਰ ।

2. <u>ਪ੍ਰਸ਼ਨ</u>

(1) ਵੱਖ ਸੂਚੀ ਵਿੱਚ ਦਰਜ ਪ੍ਰਸ਼ਨ ਪੁੱਛੇ ਜਾਣਗੇ ਅਤੇ ਜਵਾਬ ਦਿੱਤੇ ਜਾਣਗੇ।

3. <u>ਧਿਆਨ ਦਿਵਾਊ ਨੋਟਿਸ</u>

(1) **ਸ੍ਰੀ ਰਜਨੀਸ਼ ਕੁਮਾਰ ਦਹੀਆ, ਐਮ.ਐਲ.ਏ.:-** ਲੋਕ ਨਿਰਮਾਣ (ਭ ਤ ਮ) ਮੰਤਰੀ ਦਾ ਧਿਆਨ ਫ਼ਿਰੋਜ਼ਪੁਰ ਦਿਹਾਤੀ ਵਿਧਾਨ ਸਭਾ ਹਲਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਹਜ਼ਾਰਾ ਸਿੰਘ ਵਾਲਾ ਨੂੰ ਜਾਂਦੀ ਸੜਕ ਦੀ ਖਸਤਾ ਹਾਲਤ ਵੱਲ ਦਿਵਾਉਣਗੇ ।

(ਨੰ. 33)

(2) **ਸ੍ਰੀ ਜਗਦੀਪ ਕੰਬੋਜ ਗੋਲਡੀ, ਐੱਮ.ਐੱਲ.ਏ** - ਟਰਾਂਸਪੋਰਟ ਮੰਤਰੀ ਦਾ ਧਿਆਨ ਫ਼ਿਰੋਜ਼ਪੁਰ-ਜਲਾਲਾਬਾਦ-ਫਾਜ਼ਿਲਕਾ ਰੂਟ 'ਤੇ ਸਰਕਾਰੀ ਟਰਾਂਸਪੋਰਟ ਦੀ ਘਾਟ ਵੱਲ ਦਿਵਾਉਣਗੇ ।

(ਨੰ. 38)

(3) **ਸਰਦਾਰ ਕੁਲਜੀਤ ਸਿੰਘ ਰੰਧਾਵਾ, ਐੱਮ.ਐੱਲ.ਏ, :-** ਜਲ ਸਰੋਤ ਮੰਤਰੀ ਦਾ ਧਿਆਨ ਵਿਧਾਨ ਸਭਾ ਹਲਕਾ ਡੇਰਾਬਸੀ ਵਿੱਚ ਨਹਿਰੀ ਪਾਣੀ ਦੀ ਸਪਲਾਈ ਨਾ ਹੋਣ ਵੱਲ ਦਿਵਾਉਣਗੇ ।

(ਨੰ. 40)

## 4. ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ

(1) **ਇੱਕ ਮੰਤਰੀ** ਸਾਲ 2021-22 ਲਈ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਦੀ 55ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ 'ਤੇ ਰੱਖਣਗੇ, ਜਿਵੇਂ ਕਿ ਵੇਅਰਹਾਊਸਿੰਗ ਕਾਰਪੋਰੇਸ਼ਨਜ਼ ਐਕਟ, 1962 ਦੀ ਧਾਰਾ 31(11) ਅਧੀਨ ਲੋੜੀਂਦਾ ਹੈ।

(2) **ਇੱਕ ਮੰਤਰੀ** ਸਾਲ 2017-18 ਲਈ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਸਾਲਾਨਾ ਲੇਖੇ ਸਦਨ ਦੀ ਮੇਜ਼ 'ਤੇ ਰੱਖਣਗੇ, ਜਿਵੇਂ ਕਿ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਐਕਟ, 1950 ਦੀ ਧਾਰਾ 33(4) ਅਧੀਨ ਲੋੜੀਂਦਾ ਹੈ।

(3) **ਇੱਕ ਮੰਤਰੀ** ਸਾਲ 2018-19 ਲਈ ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਿਡ ਦੀ 16ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ 'ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619(3)(ੳ) ਅਧੀਨ ਲੋੜੀਂਦਾ ਹੈ।

(4) **ਇੱਕ ਮੰਤਰੀ** ਸਾਲ 2020-21 ਲਈ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੇ ਲੇਖਿਆਂ ਦਾ ਸਾਲਾਨਾ ਵਿਵਰਣ ਸਦਨ ਦੀ ਮੇਜ਼ 'ਤੇ ਰੱਖਣਗੇ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

(5) **ਇੱਕ ਮੰਤਰੀ** ਸਾਲ 2021-22 ਲਈ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੇ ਲੇਖਿਆਂ ਦਾ ਸਾਲਾਨਾ ਵਿਵਰਣ ਸਦਨ ਦੀ ਮੇਜ਼ 'ਤੇ ਰੱਖਣਗੇ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

## 5. ਮਤੇ

(1)

| ਲੜੀ ਨੰਬਰ | ਮੈਂਬਰ ਦਾ ਨਾਮ | ਮਤਾ |
|---|---|---|
| 1. | ਸਰਦਾਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ | ਇਹ ਸਦਨ ਰਾਜ ਸਰਕਾਰ ਦੀ ਸ਼ਲਾਘਾ ਕਰਦਾ ਹੈ ਕਿ ਸਰਕਾਰ ਵੱਲੋਂ ਕੀਤੇ ਗਏ ਕਿਸਾਨ ਪੱਖੀ ਉਪਰਾਲਿਆਂ ਨਾਲ ਰਾਜ ਵਿੱਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਘਟੀਆਂ ਹਨ ਅਤੇ ਨਹਿਰੀ ਪਾਣੀ ਦੀ ਉਪਲਬਧਤਾ ਨਾਲ ਕਿਸਾਨੀ ਨੂੰ ਲਾਭ ਦੇ ਨਾਲ ਨਾਲ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਵੀ ਉੱਚਾ ਹੋਇਆ ਹੈ। ਹੁਣ ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਪੰਜਾਬ ਦੇ ਕਿਸਾਨਾਂ ਅਤੇ ਅਰਥਚਾਰੇ ਦੇ ਹਿੱਤਾਂ ਦੇ ਨਾਲ-ਨਾਲ ਦੇਸ਼ ਦੇ ਅਰਥਚਾਰੇ ਨੂੰ ਉੱਚਾ ਚੁੱਕਣ ਲਈ ਮੱਧ ਏਸ਼ੀਆ ਦੇਸ਼ਾਂ ਨਾਲ ਵਪਾਰ ਲਈ ਪੁਰਾਤਨ ਸਿਲਕ ਰੂਟ ਨੂੰ ਮੁੜ ਖੋਲ੍ਹਣ ਦਾ ਮਾਮਲਾ ਭਾਰਤ ਸਰਕਾਰ ਕੋਲ ਉਠਾਇਆ ਜਾਵੇ ਤਾਂ ਜੋ ਵਪਾਰਕ ਗਤੀਵਿਧੀਆਂ ਨਾਲ ਪੰਜਾਬੀਆਂ ਨੂੰ ਲਾਭ ਹੋ ਸਕੇ। |
| 2. | ਸਰਦਾਰ ਜਸਵੰਤ ਸਿੰਘ ਗੱਜਣਮਾਜਰਾ, ਐਮ.ਐਲ.ਏ | ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਭਾਈ ਘਨੱਈਆ ਜੀ ਦੀਆਂ ਮਨੁੱਖਤਾ ਪ੍ਰਤੀ ਮਹਾਨ ਸੇਵਾਵਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪੰਜਾਬ ਦੇ ਸਰਕਾਰੀ ਹਸਪਤਾਲਾਂ ਦੇ ਐਮਰਜੈਂਸੀ ਵਾਰਡਾਂ ਦਾ ਨਾਮ ਉਨ੍ਹਾਂ ਦੇ ਨਾਮ 'ਤੇ ਰੱਖਿਆ ਜਾਵੇ ਅਤੇ ਹਰ ਸਾਲ 20 ਸਤੰਬਰ ਨੂੰ ਮਨਾਏ ਜਾਂਦੇ 'ਭਾਈ ਘਨੱਈਆ ਜੀ ਮਾਨਵ ਸੇਵਾ ਸੰਕਲਪ' ਦਿਵਸ ਨੂੰ ਰਾਜ ਪੱਧਰ ਅਤੇ ਰਾਸ਼ਟਰੀ ਪੱਧਰ 'ਤੇ ਮਨਾਉਣ ਲਈ ਲੋੜੀਂਦੇ ਕਦਮ ਚੁੱਕੇ ਜਾਣ। |
| 3. | ਸਰਦਾਰ ਪ੍ਰਤਾਪ ਸਿੰਘ ਬਾਜਵਾ, ਐਮ.ਐਲ.ਏ | ਇਹ ਸਦਨ ਰਾਜ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਵਿਸ਼ੇਸ਼ ਡੂੰਘੀ ਸੋਧ (SIR) ਸੂਚੀਆਂ ਨੂੰ ਰੱਦ ਕਰਕੇ ਆਉਣ ਵਾਲੀਆਂ ਚੋਣਾਂ ਐਸ.ਆਈ.ਆਰ ਤੋਂ ਪਹਿਲਾਂ ਦੀਆਂ ਸੂਚੀਆਂ, ਜੋ ਕਿ ਘਰ-ਘਰ ਜਾ ਕੇ ਫਿਜ਼ੀਕਲ ਪੜਤਾਲ ਰਾਹੀਂ ਅਪਡੇਟ ਕੀਤੀਆਂ ਗਈਆਂ ਹੋਣ, ਦੀ ਵਰਤੋਂ ਕਰਕੇ ਕਰਵਾਈਆਂ ਜਾਣ ਅਤੇ ਵੋਟ ਦੇ ਅਧਿਕਾਰਾਂ ਦੀ ਰੱਖਿਆ ਨਾਲ ਸੰਬੰਧਤ ਮਾਮਲਾ ਭਾਰਤ ਸਰਕਾਰ, ਦੇਸ਼ ਦੀ ਸਰਵਉੱਚ ਅਦਾਲਤ ਅਤੇ ਭਾਰਤੀ ਚੋਣ ਕਮਿਸ਼ਨ ਕੋਲ ਉਠਾਇਆ ਜਾਵੇ, ਤਾਂ ਜੋ ਵੋਟਰਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਅਤੇ ਚੋਣ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਯਕੀਨੀ ਬਣਾਈ ਜਾ ਸਕੇ। |

ਪੰਜਾਬ ਵਿਧਾਨ ਸਭਾ
ਚੰਡੀਗੜ੍ਹ -160001
ਮਿਤੀ:21 ਅਕਤੂਬਰ 2026 ਬੁੱਧਵਾਰ

ਰਾਮ ਲੋਕ ਖਟਾਣਾ
ਸਕੱਤਰ
ਪੰਜਾਬ ਵਿਧਾਨ ਸਭਾ